# ਸਾਹਿਤ ਅਕਾਦਮੀ ਭਵਨ ਨੂੰ ਤਿੰਨ ਤਾਰਾ ਸਵਾਗ੍ਰਹਿ ਰੇਟਿੰਗ

ਨਵੀਂ ਦਿੱਲੀ, 6 ਦਸੰਬਰ (ਮਨਦੀਪ ਭਾਟੀਆ)-ਗ੍ਰਹਿ ਸੰਸਥਾ ਜੋ ਭਾਰਤ ਵਿਚ ਹਰੀਆਂ ਇਮਾਰਤਾਂ ਦੇ ਲਈ ਰਾਸ਼ਟਰੀ ਰੇਟਿੰਗ ਪ੍ਰਣਾਲੀ ਵਜੋਂ ਮਾਨਤਾ ਪ੍ਰਾਪਤ ਹੈ, ਨੇ ਅੱਜ ਇੰਡੀਆ ਹੈਬੀਟੇਟ ਸੈਂਟਰ ਵਿਚ ਆਯੋਜਿਤ ਆਪਣੇ 16ਵੇਂ ਸਿਖਰ ਸੰਮੇਲਨ ਵਿਚ ਸਾਹਿਤ ਅਕਾਦਮੀ ਦੇ ਬਣੇ ਨਵੇਂ ਖੇਤਰੀ ਦਫ਼ਤਰ ਦੀ ਇਮਾਰਤ ਨੂੰ ਤਿੰਨ ਤਾਰਾ ਸਵਗ੍ਰਹਿ ਰੇਟਿੰਗ ਨਾਲ ਸਨਮਾਨਿਤ ਕੀਤਾ ਹੈ। ਇਕ ਗ੍ਰਹਿ ਰੇਟਿੰਗ ਤਖ਼ਤੀ ਸਨਮਾਨ ਦੇ ਚਿੰਨ੍ਹ ਵਜੋਂ ਪ੍ਰਦਾਨ ਕੀਤੀ ਜਾਂਦੀ ਹੈ।

ਉਪਰੋਕਤ ਜਾਣਕਾਰੀ ਦਿੰਦੇ ਹੋਏ ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸ ਰਾਓ ਨੇ ਦੱਸਿਆ ਕਿ ਗ੍ਰਹਿ ਸੰਸਥਾ ਕਿਸੇ ਇਮਾਰਤ ਦੇ ਪੂਰੇ ਜੀਵਨ ਵਿਚ ਉਸਦੀ ਵਾਤਾਵਰਨ ਕਾਰਗੁਜ਼ਾਰੀ ਦਾ ਸੰਪੂਰਨ ਮੁਲਾਂਕਣ ਕਰਕੇ ਹਰੀਆਂ ਇਮਾਰਤਾਂ ਅਤੇ ਟਿਕਾਊ ਰਿਹਾਇਸ਼ਾਂ ਲਈ ਨਿਸ਼ਚਿਤ ਮਾਪਦੰਡ ਪ੍ਰਦਾਨ ਕਰ ਕੇ ਇਸਨੂੰ ਜਾਰੀ ਕਰਦੀ ਹੈ। ਗ੍ਰਹਿ ਸੰਸਥਾ ਦੀ ਐਨਰਜੀ ਐਂਡ ਰਿਸੋਰਸਿਜ਼ ਇੰਸਟੀਚਿਊਟ (ਟੇਰੀ) ਦੁਆਰਾ ਭਾਰਤ ਸਰਕਾਰ ਦੇ ਨਵੀਨ ਅਤੇ ਨਵਿਆਉਣਯੋਗ ਊਰਜਾ ਮੰਤਰਾਲੇ ਦੇ ਸਹਿਯੋਗ ਨਾਲ ਸਥਾਪਨਾ ਕੀਤੀ ਗਈ ਸੀ। ਗ੍ਰਹਿ ਦੇ ਇਸ ਸਿਖ਼ਰ ਸੰਮੇਲਨ ਦਾ ਵਿਸ਼ਾ 'ਨਿਰਮਿਤ ਵਾਤਾਵਰਨ ਵਿਚ ਜਲਵਾਯੂ ਕਾਰਵਾਈ ਨੂੰ ਤੇਜ਼ ਕਰਨਾ' ਸੀ।




ਸਨਮਾਨ ਵਜੋਂ ਗ੍ਰਹਿ ਰੇਟਿੰਗ ਤਖ਼ਤੀ ਪ੍ਰਦਾਨ ਕਰਦੇ ਹੋਏ।